**ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ।**
**(ਰਿਣ ਸਾਖਾ)**

ਵੱਲ

ਸਮੂਹ ਸੰਯੁਕਤ, ਉਪ ਅਤੇ ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿਚ ।

ਮੀਮੋ ਨੰ:ਰਿਣ/ਸੀਏ 5/ਸੇਵਾ ਨਿਯਮ/ 575
ਮਿਤੀ 17-8-11

ਵਿਸ਼ਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸਰਵਿਸ ਸਭਾ ਸੇਵਾ ਨਿਯਮ 1997 ਵਿਚ ਸੋਧ ਕਰਨ ਸਬੰਧੀ।

ਸਰਕਾਰ ਦੇ ਪੱਤਰ ਨੰ:ਜੀ.ਐਸ.ਆਰ.20 ਸੋਧ(10)2010 ਮਿਤੀ 24.05.10 ਜਿਸ ਰਾਹੀ ਸਰਕਾਰੀ ਕਰਮਚਾਰੀਆਂ ਦੀ ਭਰਤੀ ਵਿਚ ਉਪਰਲੀ ਉਮਰ ਦੀ ਹੱਦ 35 ਤੋ 37 ਸਾਲ ਕੀਤੀ ਗਈ ਹੈ, ਨੂੰ ਮੁੱਖ ਰੱਖਦਿਆ ਹੋਇਆ ਪੰਜਾਬ ਰਾਜ ਵਿਚ ਕੰਮ ਕਰਦੀਆਂ ਸਹਿਕਾਰੀ ਖੇਤੀਬਾੜੀ ਸਰਵਿਸਜ ਸਭਾਵਾਂ ਦੇ ਕਰਮਚਾਰੀਆਂ ਲਈ ਬਣੇ ਸਰਵਿਸ ਰੂਲਜ 1997 ਦੇ ਰੂਲ ਨਿਯਮ 5((ii) 'ੳ' ਵਿਚ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ ਰੂਲਜ 1963 ਦੇ ਰੂਲ 28 ਵਿਚ ਹੋਈ ਵਿਵਸਥਾ ਮੁਤਾਬਿਕ ਹੇਠ ਲਿਖੇ ਅਨੁਸਾਰ ਲੋੜੀਦੀ ਸੋਧ ਕੀਤੀ ਜਾਂਦੀ ਹੈ :-

| ਰੂਲ | ਮੌਜੂਦਾ ਵਿਵਸਥਾ | ਰੂਲ | ਸੋਧ |
|---|---|---|---|
| 5(ii) | ਕਿਸੇ ਵੀ ਵਿਅਕਤੀ ਨੂੰ ਨੌਕਰੀ ਵਿਚ ਸਿਧੇ ਤੌਰ ਤੇ ਨਹੀ ਲਿਆ ਜਾਵੇਗਾ ਜੇਕਰ ਉਹ:- | 5(ii) | ਕਿਸੇ ਵੀ ਵਿਅਕਤੀ ਨੂੰ ਨੌਕਰੀ ਵਿਚ ਸਿਧੇ ਤੌਰ ਤੇ ਨਹੀ ਲਿਆ ਜਾਵੇਗਾ ਜੇਕਰ ਉਹ :- |
| 'ੳ' | ਭਾਰਤ ਦਾ ਨਾਗਰਿਕ ਨਹੀ ਹੈ ਅਤੇ 18 ਸਾਲਾਂ ਦੀ ਉਮਰ ਤੋ ਘੱਟ ਹੈ ਅਤੇ 35 ਸਾਲ ਤੋ ਵਧੇਰੇ ਹੈ | 'ੳ' | ਭਾਰਤ ਦਾ ਨਾਗਰਿਕ ਨਹੀ ਹੈ ਅਤੇ 18 ਸਾਲਾਂ ਦੀ ਉਮਰ ਤੋ ਘੱਟ ਹੈ ਅਤੇ 37 ਸਾਲ ਦੀ ਉਮਰ ਤੋ ਵਧੇਰੇ ਹੈ । |

ਇਸ ਸੋਧ ਨੂੰ ਸਹਿਕਾਰੀ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸਰਵਿਸ ਸਭਾਵਾਂ ਦੇ ਕਰਮਚਾਰੀਆਂ ਦੇ ਲਈ ਬਣੇ ਸਰਵਿਸ ਰੂਲਾਂ ਵਿਚ ਸ਼ਾਮਲ ਕਰਨ ਦੀ ਕਾਰਵਾਈ ਕੀਤੀ ਜਾਵੇ।

ਇਹ ਪੱਤਰ ਮਾਨਯੋਗ ਰਜਿਸਟਰਾਰ,ਸਹਿਕਾਰੀ ਸਭਾਵਾਂ, ਪੰਜਾਬ ਜੀ ਦੀ ਪ੍ਰਵਾਨਗੀ ਨਾਂਲ ਜਾਰੀ ਕੀਤਾ ਜਾਂਦਾ ਹੈ ।

16.8.11
ਵਧੀਕ ਰਜਿਸਟਰਾਰ (ਰਿਣ)

ਪਿਠ ਅੰਕਣ ਨੰ:ਰਿਣ/ਸੀਏ 5/ਸੇਵਾ ਨਿਯਮ/ 576 ਮਿਤੀ 17-8-11

ਉਪਰੋਕਤ ਦਾ ਉਤਾਰਾ :-

1 ਪ੍ਰਬੰਧਕ ਨਿਰਦੇਸ਼ਕ, ਪੰਨਕੋਫੈਡ, ਪੰਜਾਬ, ਚੰਡੀਗੜ ਨੂੰ ਸਹਿਕਾਰੀ ਸਭਾਵਾਂ ਦੇ ਰਸਾਲੇ ਵਿਚ "ਕੋਆਪ੍ਰੇਸਨ ਪੰਜਾਬ" ਵਿਚ ਛਾਪਣ ਹਿਤ ਭੇਜਿਆ ਜਾਂਦਾ ਹੈ ।

2 ਇੰਚਾਰਜ ਕੰਪਿਊਟਰ ਸੈਲ ਮੁੱਖ ਦਫਤਰ ਨੂੰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਦੀ ਵੈਬਸਾਈਟ ਨੂੰ ਅਪਡੇਟ ਕਰਨ ਹਿਤ।

16.8.11
ਵਧੀਕ ਰਜਿਸਟਰਾਰ (ਰਿਣ)